ਨਿਊਜ਼ ਰਿਲੀਜ਼

# ਐਲਬਰਟਾ ਹੁਨਰਮੰਦ ਟਰੇਡਾਂ ਨੂੰ ਸੱਦਾ ਦੇ ਰਿਹਾ ਹੈ।

1 ਮਈ 2024 ਮੀਡੀਆ ਇੰਨਕੁਆਰੀਆਂ

## ਐਲਬਰਟਾ ਆਪਣੀ ਲੇਬਰ ਮਾਰਕੀਟ ਵਿਚ ਮਹੱਤਵਪੂਰਨ ਭੂਮਿਕਾਵਾਂ ਨੂੰ ਭਰਨ ਵਾਸਤੇ ਹੁਨਰਮੰਦ ਟਰੇਡਾਂ ਵਾਲੇ ਲੋਕਾਂ ਨੂੰ ਭਾਲਦਿਆਂ, ਸੱਦਾ ਦੇ ਰਿਹਾ ਹੈ।

ਐਲਬਰਟਾ ਕੈਨੇਡਾ ਵਿਚ ਪੂੰਜੀ-ਨਿਵੇਸ਼ ਅਤੇ ਨੌਕਰੀਆਂ ਪੈਦਾ ਕਰਨ 'ਚ ਮੋਹਰੀ ਬਣਿਆਂ ਹੋਇਆ ਹੈ। ਸਾਰੇ ਸੂਬਿਆਂ 'ਚੋਂ ਐਲਬਰਟਾ ਦੇ ਵਰਕਰ ਸਭ ਤੋਂ ਵੱਧ ਹਫਤਾਵਾਰੀ ਕਮਾਈ ਕਰਨੀ ਜਾਰੀ ਰੱਖ ਰਹੇ ਹਨ, ਪ੍ਰਤਿ ਵਿਅਕਤੀ ਪੂੰਜੀ-ਨਿਵੇਸ਼ ਕੈਨੇਡਾ ਵਿਚ ਸਭ ਤੋਂ ਵੱਧ ਹੈ ਅਤੇ ਇਸ ਸਾਲ ਅਸਲ ਜੀ ਡੀ ਪੀ ਦੇ ਰਾਸ਼ਟਰੀ ਔਸਤ ਨਾਲੋਂ 2.9 ਪ੍ਰਤਿਸ਼ਤ ਜ਼ਿਆਦਾ ਹੋਣ ਦਾ ਅਨੁਮਾਨ ਹੈ - ਇਹ ਸਾਰਾ ਕੁਝ ਨੌਕਰੀਆਂ ਵਿਚ ਵਾਧੇ ਨੂੰ ਅੱਗੇ ਵਧਾਉਣ 'ਚ ਮਦਦ ਕਰ ਰਿਹਾ ਹੈ। ਜਦੋਂ ਕਿ ਵਧੇਰੇ ਨੌਕਰੀਆਂ ਪੈਦਾ ਹੁੰਦੀਆਂ ਹਨ, ਸੋ ਕੰਪਨੀਆਂ ਨੂੰ ਇਹ ਰਫਤਾਰ ਬਣਾਈ ਰੱਖਣ ਲਈ ਵਧੇਰੇ ਹੁਨਰਮੰਦ ਵਰਕਰਾਂ ਦੀ ਜ਼ਰੂਰਤ ਹੈ।

ਹੁਨਰੀ ਟਰੇਡਾਂ 'ਚ ਮਹੱਤਵਪੂਰਨ ਜੌਬ ਅਸਾਮੀਆਂ ਨੂੰ ਭਰਨ 'ਚ ਮਦਦ ਕਰਨ ਲਈ, ਐਲਬਰਟਾ ਸਰਕਾਰ ਨੇ ਕਾਮਯਾਬ ਐਲਬਰਟਾ ਇੰਜ਼ ਕਾਲਿੰਗ ਮੁਹਿੰਮ ਦਾ ਤੀਸਰਾ ਪੜਾਅ ਸ਼ੁਰੂ ਕਰ ਲਿਆ ਹੈ, ਜਿਹੜਾ ਹੁਣ ਬ੍ਰਿਟਿਸ਼ ਕੁਲੰਬੀਆ, ਕਿਊਬੈਕ ਅਤੇ ਓਨਟੈਰੀਉ 'ਚ ਮਾਰਕੀਟ 'ਚ ਹੈ। ਇਸ ਮੁਹਿੰਮ ਨੂੰ ਐਲਬਰਟਾ ਇਜ਼ ਕਾਲਿੰਗ ਮੂਵਿੰਗ ਬੋਨਸ ਨਾਲ ਹੋਰ ਹੁਲਾਰਾ ਮਿਲਿਆ - ਜਿਹੜਾ ਇਕ ਵਾਰ ਮਿਲਣ ਵਾਲਾ ਵਾਪਸੀਯੋਗ ਟੈਕਸ ਕਰੈਡਿਟ ਹੈ ਜਿਸਦਾ ਨਿਸ਼ਾਨਾਂ ਘਰ ਅਤੇ ਇੰਨਫ੍ਰਾਸਟ੍ਰੱਕਚਰ ਉਸਾਰਨ 'ਚ ਮਦਦ ਵਾਸਤੇ ਹੁਨਰਮੰਦ ਟਰੇਡ ਵਰਕਰਾਂ ਨੂੰ ਐਲਬਰਟਾ 'ਚ ਆਉਣ ਵਾਸਤੇ ਲੁਭਾਉਣਾ ਹੈ, ਜਿਹੜੀ ਉਸਾਰੀ ਕਿਸੇ ਵੀ ਪ੍ਰਫੁਲਤ ਹੋ ਰਹੇ ਸੂਬੇ ਦੀ ਸਹਾਇਤਾ ਵਾਸਤੇ ਲੋੜੀਂਦੀ ਹੈ।

“ਐਲਬਰਟਾ ਦੀ ਲਗਾਤਾਰ ਜਾਰੀ ਆਰਥਿਕ ਪ੍ਰਗਤੀ ਮੁਲਕ ਭਰ 'ਚੋਂ ਹੁਨਰੀ ਵਰਕਰਾਂ ਲਈ ਮੌਕਿਆਂ ਦਾ ਖਜ਼ਾਨਾ ਪੇਸ਼ ਕਰਦੀ ਹੈ। ਐਲਬਰਟਾ ਇਜ਼ ਕਾਲਿੰਗ ਮੂਵਿੰਗ ਬੋਨਸ ਸਾਡੀ ਸਰਕਾਰ ਦੀ ਉੱਤਮ ਪ੍ਰਕਾਰ ਦੀ ਪ੍ਰਤਿਭਾ ਨੂੰ ਖਿੱਚਣ ਅਤੇ ਉਨ੍ਹਾਂ ਸੈਕਟਰਾਂ ਵਾਸਤੇ ਲੇਬਰ ਫੋਰਸ ਦੀਆਂ ਜ਼ਰੂਰਤਾਂ ਨਾਲ ਨਜਿੱਠਣ ਦੀ ਪ੍ਰਤਿਬਧਤਾ ਦੀ ਪੁਨਰ-ਪੁਸ਼ਟੀ ਕਰਦਾ ਹੈ, ਜਿਹੜੇ ਸੈਕਟਰ ਸਾਡੇ ਸੂਬੇ ਦੀ ਖੁਸ਼ਹਾਲੀ ਨੂੰ ਬਣਾਈ ਰੱਖਣ ਲਈ ਮਹੱਤਵਪੂਰਨ ਹਨ। ਇਹ ਇਸ ਚੀਜ਼ ਨੂੰ ਵੀ ਦਰਸਾਉਂਦਾ ਹੈ ਕਿ ਆਪਣੀ ਵਿਸਤਾਰ ਕਰ ਰਹੀ ਇੰਨਫ੍ਰਾਸਟ੍ਰੱਕਚਰ ਨੂੰ ਸਹਾਇਤਾ ਦੇਣ ਲਈ ਅਸੀਂ ਲਾਭਕਾਰੀ ਨੌਕਰੀਆਂ ਨੂੰ ਉਤਪਾਦਕ ਵਰਕਰਾਂ ਨਾਲ ਭਰਨ ਬਾਰੇ ਗੰਭੀਰ ਹਾਂ।”

*Matt Jones, ਮਿਨਿਸਟਰ ਆਫ ਜੌਬਜ਼, ਇਕਾਨਮੀ ਐਂਡ ਟਰੇਡ*

ਅਗਲੇ ਦਹਾਕੇ ਦੌਰਾਨ ਸੂਬੇ ਦੇ ਰਿਹਾਇਸ਼ੀ ਅਤੇ ਗੈਰ-ਰਿਹਾਇਸ਼ੀ ਕੰਸਟ੍ਰੱਕਸ਼ਨ ਸੈਕਟਰਾਂ ਦੇ ਲਗਾਤਾਰ ਵਾਧੇ ਦੀ ਆਸ ਕੀਤੀ ਜਾਂਦੀ ਹੈ। ਬਿਲਡਫੋਰਸ ਕੈਨੇਡਾ ਦੀ ਇਕ ਤਾਜ਼ਾ ਭਵਿੱਖਬਾਣੀ ਐਲਬਰਟਾ ਵਿਚ 2024 ਅਤੇ 2033 ਦਰਮਿਆਨ ਕੰਸਟ੍ਰੱਕਸ਼ਨ ਖੇਤਰ ਦੀਆਂ ਕੁੱਲ ਨੌਕਰੀਆਂ ਵਿਚ ਹੋਰ 14,000 ਵਰਕਰਾਂ ਦੇ ਵਾਧੇ ਦਾ ਅਨੁਮਾਨ ਲਗਾਉਂਦੀ ਹੈ। ਘਰਾਂ ਦੀ ਸ਼ੁਰੂਆਤ ਦੇ ਉੱਪਰ ਵੱਲ ਨੂੰ ਜਾਣ ਅਤੇ ਸੂਬੇ ਵਿਚ ਕੀਤੇ ਜਾ ਰਹੇ ਮਲਟੀਬਿਲੀਅਨ ਡਾਲਰਾਂ ਦੇ ਪੂੰਜੀ-ਨਿਵੇਸ਼, ਜਿਵੇਂ ਕਿ ਫੋਰਟ ਸਸਕੈਚਵਨ ਵਿਚ Dow Path2Zero ਪ੍ਰਾਜੈਕਟ, ਸਹਿਤ ਵਰਕਰਾਂ ਦੀ ਲੋੜ ਹੁਣ ਨਾਲੋਂ ਕਦੇ ਵੀ ਵਧੇਰੇ ਨਹੀਂ ਸੀ।

ਇਕ ਨੌਕਰੀਆਂ-ਭਰਪੂਰ ਮਾਰਕੀਟ, ਵਧੀਆ ਤਨਖਾਹਾਂ, ਕੈਨੇਡਾ 'ਚ ਸਭ ਤੋਂ ਘੱਟ ਟੈਕਸ, ਪੁੱਜਤਯੋਗ ਰਿਹਾਇਸ਼ ਅਤੇ ਵਿਭਿੰਨ ਪ੍ਰਕਾਰ ਦੀਆਂ ਕਮਿਊਨਿਟੀਆਂ ਸਮੇਤ ਇਹ ਮੁਹਿੰਮ ਐਲਬਰਟਾ ਵਿਚ ਰਹਿਣ ਦੇ ਕਈ ਸਾਰੇ ਕਰੀਅਰਾਂ ਅਤੇ ਜੀਵਨ-ਸ਼ੈਲੀਆਂ ਦੇ ਫਾਇਦਿਆਂ ਉਪਰ ਚਾਨਣਾ ਪਾਵੇਗੀ।

"ਐਲਬਰਟਾ ਇਜ਼ ਕਾਲਿੰਗ ਦਾ ਤੀਸਰਾ ਪੜਾਅ ਐਲਬਰਟਾ ਦੀ ਆਰਥਿਕਤਾ ਅਤੇ ਸਾਡੇ ਭਵਿੱਖ 'ਚ ਹੁਨਰੀ ਟਰੇਡ ਵਰਕਰਾਂ ਦੇ ਮਹੱਤਵ ਬਾਰੇ ਇਕ ਮਨਮੋਹਕ ਬਿਆਨ ਹੈ। ਬੱਸ ਇੰਜ ਕਹਿ ਲਉ, ਸਾਨੂੰ ਉਨ੍ਹਾਂ ਦੀ ਲੋੜ ਹੈ! ਮੂਵਿੰਗ ਬੋਨਸ ਟਰੇਡਾਂ ਦੀ ਸਿੱਖਿਆ 'ਚ ਤਕੜੇ ਪੂੰਜੀ-ਨਿਵੇਸ਼ਾਂ ਦਾ ਪੂਰਕ ਬਣਦਾ ਹੈ, ਜਿਹੜੇ ਨਿਵੇਸ਼ ਅਸੀਂ ਬੱਜਟ 2024 ਰਾਹੀਂ ਜਾਰੀ ਰੱਖ ਰਹੇ ਹਾਂ। ਇਸਦੇ ਇਲਾਵਾ, ਇਹ ਇਕ ਠੋਸ, ਮਦਦਗਾਰੀ ਫਾਇਦਾ ਹੈ, ਜਿਹੜਾ ਹੁਨਰਮੰਦ ਵਰਕਰਾਂ ਨੂੰ ਐਲਬਰਟਾ 'ਚ ਆ ਜਾਣ ਦਾ ਕਮਾਲ ਦਾ ਫੈਸਲਾ ਬਣਾਉਣ ਲਈ ਉਤਸ਼ਾਹਤ ਕਰੇਗਾ।"

*Rajan Sawhney, ਮਿਨਿਸਟਰ ਆਫ ਐਡਵਾਂਸਡ ਐਜੂਕੇਸ਼ਨ*

"ਐਲਬਰਟਾ ਦੇ ਹੁਨਰਮੰਦ ਟਰੇਡ ਕਈ ਪ੍ਰਕਾਰ ਦੇ ਬੇਮਿਸਾਲ ਕਰੀਅਰ ਮੌਕੇ ਪੇਸ਼ ਕਰਦੇ ਹਨ। ਸਾਡਾ ਸੂਬਾ Air Products ਅਤੇ Dow ਵਰਗੇ ਪ੍ਰਾਜੈਕਟਾਂ ਰਾਹੀਂ ਕੰਮਾਂ ਵਿਚ ਇਕ ਵੱਡੇ ਇਜ਼ਾਫੇ ਦਾ ਅਨੁਭਵ ਕਰਨ ਵਾਲਾ ਹੈ। ਜੇਕਰ ਤੁਸੀਂ ਇਕ ਸੋਹਣੇ ਸੂਬੇ ਦੀ ਭਾਲ 'ਚ ਹੋ, ਜਿਥੇ ਕੰਮ ਦੀ ਕੋਈ ਘਾਟ ਨਹੀਂ, ਤਾਂ ਇਹ ਐਲਬਰਟਾ 'ਚ ਆਉਂਣ ਦਾ ਬਹੁਤ ਵਧੀਆ ਸਮਾਂ ਹੈ।"

*Terry Parker, ਐਗਜ਼ੈਕੁਟਿਵ ਡਾਇਰੈਕਟਰ, ਬਿਲਡਿੰਗ ਟਰੇਡਜ਼ ਆਫ ਐਲਬਰਟਾ*

ਬੱਜਟ 2024 ਐਲਬਰਟਾ ਇਜ਼ ਕਾਲਿੰਗ ਮੂਵਿੰਗ ਬੋਨਸ ਵਾਸਤੇ 10 ਮਿਲੀਅਨ ਡਾਲਰ ਅਲਾਟ ਕਰਦਾ ਹੈ। ਇਹ 2,000 ਟਰੇਡ ਵਰਕਰਾਂ ਨੂੰ ਐਲਬਰਟਾ ਵਿਚ ਆ ਵੱਸਣ ਅਤੇ ਇਹ ਜਾਣਨ 'ਚ ਸਹਾਇਤਾ ਕਰੇਗਾ ਕਿ ਕਿਉਂ ਐਲਬਰਟਾ ਰਹਿਣ, ਕੰਮ ਕਰਨ, ਪੂੰਜੀ-ਨਿਵੇਸ਼ ਕਰਨ, ਅਤੇ ਪਰਿਵਾਰ ਪਾਲਣ ਲਈ ਸਭ ਤੋਂ ਵਧੀਆ ਥਾਂ ਹੈ। ਯੋਗ ਬਣਨ ਦੀਆਂ ਜ਼ਰੂਰਤਾਂ ਐਲਬਰਟਾ ਇਜ਼ ਕਾਲਿੰਗ ਦੇ ਵੈੱਬਸਾਈਟ 'ਤੇ ਉਪਲਬਧ ਹਨ।

## ਫੌਰੀ ਤੱਥ

- ਅਗਸਤ 2022 ਵਿਚ ਐਲਬਰਟਾ ਸਰਕਾਰ ਨੇ ਲੇਬਰ ਦੀ ਘਾਟ ਨਾਲ ਨਜਿੱਠਣ ਵਾਸਤੇ ਐਲਬਰਟਾ ਇਜ਼

ਕਾਲਿੰਗ ਮੁਹਿੰਮ ਦੀ ਸ਼ੁਰੂਆਤ ਕੀਤੀ।

- ਫੇਜ਼ 1, ਜਿਹੜਾ ਅਗਸਤ 2022 ਵਿਚ ਚਾਲੂ ਕੀਤਾ ਗਿਆ, ਉਹ ਟੋਰਾਂਟੋ ਅਤੇ ਵੈਨਕੂਵਰ ਤੋਂ ਹੈਲਥ ਕੇਅਰ, ਟਰੇਡਾਂ ਅਤੇ ਤਕਨਾਲੋਜੀ ਸੈਕਟਰਾਂ ਵਿਚ ਹੁਨਰਮੰਦ ਵਰਕਰਾਂ ਨੂੰ ਖਿੱਚਣ 'ਤੇ ਕੇਂਦਰਿਤ ਸੀ।
- ਫੇਜ਼ 2, ਜਿਹੜਾ ਮਾਰਚ 2023 ਵਿਚ ਚਾਲੂ ਕੀਤਾ ਗਿਆ, ਨੇ ਓਨਟੈਰੀਓ ਅਤੇ ਐਟਲਾਂਟਿਕ ਕੈਨੇਡਾ ਵਿਚਲੇ ਸਭ ਤੋਂ ਵੱਧ ਬੇਰੋਜ਼ਗਾਰੀ ਵਾਲੇ ਖੇਤਰਾਂ 'ਤੇ ਨਿਸ਼ਾਨਾਂ ਸਾਧਿਆ।
- ਫੇਜ਼ 3, ਜਿਹੜਾ 1 ਮਈ ਤੋਂ 2 ਜੁਲਾਈ 2024 ਤੱਕ ਚੱਲੇਗਾ, ਉਸਦਾ ਫੋਕਸ ਬ੍ਰਿਟਿਸ਼ ਕੁਲੰਬੀਆ, ਕਿਊਬੈਕ ਅਤੇ ਓਨਟੈਰੀਓ ਵਿਚਲੇ ਹੁਨਰਮੰਦ ਟਰੇਡ ਵਰਕਰਾਂ ਉੱਪਰ ਹੈ। ਇਸ ਫੇਜ਼ ਦਾ ਦਾਇਰਾ ਕਾਫੀ ਤੰਗ ਹੋਵੇਗਾ ਅਤੇ ਇਸਨੂੰ ਟਰੇਡਾਂ ਵਾਲੇ ਹੁਨਰਮੰਦ ਵਰਕਰਾਂ 'ਚ ਮੂਵਿੰਗ ਬੋਨਸ ਦੀ ਮਾਰਕੀਟਿੰਗ ਕਰਨ ਲਈ ਵਰਤਿਆ ਜਾਵੇਗਾ।
  - ਮੁਹਿੰਮ ਦੇ ਫੇਜ਼ 3 'ਚ ਪੋਸਟ ਸੈਕੰਡਰੀ ਕੈਂਪਸਾਂ, ਰੈਸਟੋਰੈਂਟਾਂ, ਬਾਰਾਂ ਅਤੇ ਜਿੰਮਾਂ; ਰੇਡੀਓ, ਸਟ੍ਰੀਮਿੰਗ ਅਤੇ ਸੋਸ਼ਲ ਮੀਡੀਆ ਐਡਵਰਟਾਈਜਿੰਗ; ਅਤੇ ਅੱਪਡੇਟ ਕੀਤੇ AlbertaisCalling.ca ਵੈੱਬਸਾਈਟ 'ਤੇ ਇਸ਼ਤਿਹਾਰਬਾਜ਼ੀ ਕਰਨਾਂ ਸ਼ਾਮਲ ਹੈ।
  - ਮੁਹਿੰਮ ਦੇ ਫੇਜ਼ 3 ਉੱਪਰ ਤਕਰੀਬਨ 2.5 ਮਿਲੀਅਨ ਡਾਲਰ ਖਰਚ ਆਉਣ ਦੀ ਆਸ ਹੈ।

## ਸਬੰਧਤ ਜਾਣਕਾਰੀ

- ਐਲਬਰਟਾ ਇਜ਼ ਕਾਲਿੰਗ

## ਮੀਡੀਆ ਇੰਨਕੁਆਰੀਆਂ


### Josh Aldrich

587-338-7509
ਪ੍ਰੈੱਸ ਸੈਕਰੇਟਰੀ, ਜੌਬਜ਼, ਇਕਾਨਮੀ ਐਂਡ ਟਰੇਡ